# ਰਜ੍ਜ ਰਜ੍ਜ ਦਰ੍ਸ਼ਨ ਪਾਓ

ਜੈ ਜੈ, ਮੇਹਰਾਂਵਾਲੀ ਮਾਂ ।
ਜੈ ਜੈ, ਸ਼ੇਰਾਂਵਾਲੀ ਮਾਂ ।
ਜਾ ਕੇ ਗਣਪਤੀ, ਜੋਤ ਜਗਾਈਏ,
ਮਈਆ ਸ਼ੇਰ ਤੇ, ਸਵਾਰ ਹੋ ਕੇ ਆਈ ਏ ॥,,
*ਗੱਜ ਵੱਜ ਕੇ, ਜੈਕਾਰੇ ਮਾਂ ਦੇ ਲਾਓ,
"ਤੇ ਅੰਮੜੀ ਦਾ, ਰੱਜ ਰੱਜ ਦਰਸ਼ਨ ਪਾਓ" ।
^ਅੰਮੜੀ ਦਾ, ਰੱਜ ਰੱਜ ਦਰਸ਼ਨ ਪਾਓ,
"ਤੇ ਅੰਮੜੀ ਦਾ, ਰੱਜ ਰੱਜ ਦਰਸ਼ਨ ਪਾਓ" ।

^ਭਾਗਾਂ ਵਾਲੀ ਆਈ, ਅੱਜ ਰਾਤ ਭਗਤੋ,
"ਘਰ ਸਾਡੇ ਆਈ, ਅੰਬੇ ਮਾਤ ਭਗਤੋ" ।
^ਫੁੱਲਾਂ ਵਾਲੀ ਕਰੋ, ਬਰਸਾਤ ਭਗਤੋ,
"ਏਹਦੇ ਨਾਲੋਂ ਵੱਧ ਕੀ, ਸੌਗਾਤ ਭਗਤੋ" ।
ਮਾਂ ਦੇ ਆਉਣ ਦੀਆਂ, ਓ ਮਾਂ ਦੇ ਆਉਣ ਦੀਆਂ,
ਮਾਂ ਦੇ ਆਉਣ ਦੀਆਂ, ਖੁਸ਼ੀਆਂ ਮਨਾਓ,
"ਤੇ ਅੰਮੜੀ ਦਾ, ਰੱਜ ਰੱਜ ਦਰਸ਼ਨ ਪਾਓ",,,
^ਅੰਮੜੀ ਦਾ, ਰੱਜ ਰੱਜ ਦਰਸ਼ਨ ਪਾਓ,
"ਤੇ ਅੰਮੜੀ ਦਾ, ਰੱਜ ਰੱਜ ਦਰਸ਼ਨ ਪਾਓ" ।

^ਉੱਚਿਆਂ ਪਹਾੜਾਂ ਵਿੱਚੋਂ, ਆਈ ਭੋਲੀ ਮਾਂ,
"ਬੱਚਿਆਂ ਦੀ ਹੋਈ ਏ, ਸਹਾਈ ਭੋਲੀ ਮਾਂ" ।
^ਵੇਖੇ ਜਦੋਂ ਨਾਮ ਦੇ, ਸ਼ੁਦਾਈ ਭੋਲੀ ਮਾਂ,
"ਤੱਕ ਕੇ ਨਜ਼ਾਰੇ, ਮੁਸਕਾਈ ਭੋਲੀ ਮਾਂ" ।
ਬਹਿ ਕੇ ਚਰਨਾਂ 'ਚ, ਓ ਬਹਿ ਕੇ ਚਰਨਾਂ 'ਚ,
ਬਹਿ ਕੇ ਚਰਨਾਂ 'ਚ, ਸ਼ੁਕਰ ਮਨਾਓ,
"ਤੇ ਅੰਮੜੀ ਦਾ, ਰੱਜ ਰੱਜ ਦਰਸ਼ਨ ਪਾਓ",,,
^ਅੰਮੜੀ ਦਾ, ਰੱਜ ਰੱਜ ਦਰਸ਼ਨ ਪਾਓ,
"ਤੇ ਅੰਮੜੀ ਦਾ, ਰੱਜ ਰੱਜ ਦਰਸ਼ਨ ਪਾਓ" ।

^ਮਈਆ ਜੀ ਦਾ ਆਣ ਕੇ, ਦੀਦਾਰ ਕਰ ਲਓ,
"ਇੱਕ ਵਾਰ ਨਹੀਂ, ਵਾਰ ਵਾਰ ਕਰ ਲਓ" ।
^ਚਰਨਾਂ ਦੇ ਨਾਲ ਸਾਰੇ, ਪਿਆਰ ਕਰ ਲਓ,
"ਮੇਹਰਾਂਵਾਲੀ ਮਾਂ ਦਾ, ਸਤਿਕਾਰ ਕਰ ਲਓ" ।
ਅੱਜ ਜਿੰਦਗੀ ਨੂੰ, ਓ ਅੱਜ ਜਿੰਦਗੀ ਨੂੰ,
ਅੱਜ ਜਿੰਦਗੀ ਨੂੰ, ਸਫ਼ਲ ਬਣਾਓ,
"ਤੇ ਅੰਮੜੀ ਦਾ, ਰੱਜ ਰੱਜ ਦਰਸ਼ਨ ਪਾਓ",,,
^ਅੰਮੜੀ ਦਾ, ਰੱਜ ਰੱਜ ਦਰਸ਼ਨ ਪਾਓ,
"ਤੇ ਅੰਮੜੀ ਦਾ, ਰੱਜ ਰੱਜ ਦਰਸ਼ਨ ਪਾਓ" ।

^ਪੈਰ ਜਦੋਂ ਵੇਹੜੇ ਵਿੱਚ, ਪਾਇਆ ਮਾਈ ਨੇ,
"ਭਾਗ ਸਾਡੇ ਘਰ ਦਾ, ਜਗਾਇਆ ਮਾਈ ਨੇ" ।
^ਚਰਣੀ ਸਿਕੰਦਰ, ਲਗਾਇਆ ਮਾਈ ਨੇ,

"ਕਰਮੇ ਤੇ ਕਰਮ, ਕਮਾਇਆ ਮਾਈ ਨੇ" ।
ਨਾਲ ਸ਼ਰਧਾ ਦੇ, ਓ ਨਾਲ ਸ਼ਰਧਾ ਦੇ,
ਨਾਲ ਸ਼ਰਧਾ ਦੇ, ਭੇਟਾਂ ਅੱਜ ਗਾਓ,
"ਤੇ ਅੰਮੜੀ ਦਾ, ਰੱਜ ਰੱਜ ਦਰਸ਼ਨ ਪਾਓ",,,
^ਅੰਮੜੀ ਦਾ, ਰੱਜ ਰੱਜ ਦਰਸ਼ਨ ਪਾਓ,
"ਤੇ ਅੰਮੜੀ ਦਾ, ਰੱਜ ਰੱਜ ਦਰਸ਼ਨ ਪਾਓ" ।

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/27654/title/rajj-rajj-darshan-pao

अपने Android मोबाइल पर BhajanGanga App डाउनलोड करें और भजनों का आनंद ले |